Sikh Sangat, Gurdwara of Rochester

ਸੇਵਾ ਵਿੱਖੇ
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ

ਸਤਿਕਾਰ ਯੋਗ ਜਥੇਦਾਰ ਸਾਹਿਬ ਜੀ

ਅਸੀਂ, ਗੁਰਦੁਆਰਾ ਆਫ਼ ਰਾਚੈਸਟਰ ਦੀ ਸੰਗਤ, ਨਿੰਮ੍ਰਤਾ ਸਹਿਤ ਕੁਝ ਬੇਨਤੀਆਂ ਕਰਨੀਆਂ ਚਾਹੁੰਦੇ ਹਾਂ । ਗੁਰਦੁਆਰਾ ਆਫ਼ ਰਾਚੈਸਟਰ ਦੇ ਬੋਰਡ ਆਫ਼ ਟਰਸਟ ਨੇ, ਸਥਾਨਕ ਜੱਜ ਫਿਸ਼ਰ ਦੀ ਅਦਾਲਤ ਵਿਚ ਕੁਝ ਗੁਰਸਿੱਖ ਪਰਿਵਾਰਾਂ ਉਤੇ ਮੁਕਦਮਾ ਦਾਇਰ ਕਰ ਦਿਤਾ ਹੈ, ਜਿਸ ਵਿਚ ਉਨ੍ਹਾਂ ਨੇ ਜੱਜ ਸਾਹਿਬ ਨੂੰ ਇਹ ਬੇਨਤੀ ਵੀ ਕੀਤੀ ਕਿ ਗੁਰਦੁਆਰਾ ਸਾਹਿਬ ਅੰਦਰ ਕਿਸੇ ਸਿੱਖ ਨੂੰ ਕਿਰਪਾਨ ਪਹਿਨ ਕੇ ਜਾਣ ਉਤੇ ਪਾਬੰਦੀ ਲਗਾ ਦਿਤੀ ਜਾਵੇ ।

ਸਭ ਤੋਂ ਪਹਿਲਾਂ ਇਥੋਂ ਦੇ ਗੁਰੂਘਰ ਬਾਰੇ ਮੁਢਲੀ ਅਤੇ ਸੰਖੇਪ ਜਾਣਕਾਰੀ ਦੇਣੀ ਵੀ ਜ਼ਰੂਰੀ ਬਣਦੀ ਹੈ ।

1. 1974 ਵਿਚ ਇਥੇ 35-40 ਸਿਖ ਪਰਿਵਾਰਾਂ ਦੇ ਉਦਮ ਨਾਲ ਗੁਰਦੁਆਰਾ ਹੋਂਦ ਵਿਚ ਆਇਆ । ਉਸ ਸਮੇਂ ਗੁਰਦੁਆਰਾ ਮਹੀਨੇ ਵਿਚ ਇਕ ਵਾਰ ਸੰਗਤ ਦੇ ਘਰੋ ਘਰੀ ਲਗਦਾ ਸੀ।
2. 1974 ਵਿਚ ਗੁਰਦੁਆਰਾ ਸਾਹਿਬ ਦਾ ਸੰਵਿਧਾਨ ਬਣਿਆ ਅਤੇ ਉਸ ਪਿਛੋਂ ਟਰਸਟੀਆਂ ਨੇ ਆਪਣੇ ਨਿਜੀ ਮੁਫ਼ਾਦ ਲਈ ਸਮੇਂ ਸਮੇਂ ਉਸ ਵਿਚ ਤਿੰਨ ਸੋਧਾਂ ਵੀ ਕੀਤੀਆਂ, ਤਾਂ ਜੋ ਗੁਰੂਘਰ ਦੀ ਸੇਵਾ ਸੰਭਾਲ ਉਨ੍ਹਾਂ ਤੋਂ ਇਲਾਵਾ ਹੋਰ ਕੋਈ ਨਾ ਕਰ ਸਕੇ ।
3. ਸਾਲ 1983-85 ਦੌਰਾਨ ਸੰਗਤ ਦੇ ਉਦਮ ਨਾਲ 8 ਏਕੜ ਜ਼ਮੀਨ ਖਰੀਦੀ ਗਈ, ਜਿਸਦੀਆਂ ਕਿਸ਼ਤਾਂ ਸੰਗਤ ਰਲ ਕੇ ਤਾਰਦੀ ਰਹੀ ।
4. ਜੁਲਾਈ 1983 ਨੂੰ ਇਸ ਗੁਰੂਘਰ ਦੀ ਰਜਿਸਟਰੀ ਨੀਊ ਯਾਰਕ ਸਟੇਟ ਦੇ **Not For Profit** ਕਾਰਪੋਰੇਸ਼ਨ ਦੇ ਸੈਕਸ਼ਨ 402 ਵਿਚ ਕਰਵਾਈ ਗਈ ਸੀ, ਜੋ ਕਿ ਸਿੱਖ ਸਿਧਾਂਤਾਂ ਦੀ ਲੋਕ ਰਾਜ ਪ੍ਰਨਾਲੀ ਅਨੁਸਾਰ ਸੀ । ਇਸੇ ਸੈਕਸ਼ਨ ਹੇਠ ਨੀਊਯਾਰਕ ਸੂਬੇ ਦੇ ਬਾਕੀ ਗੁਰੂਘਰ ਰਜਿਸਟਰ ਹਨ ।
5. 1985 ਵਿਚ ਡਾ: ਮਨਮੋਹਨ ਸਿੰਘ ਅਟਵਾਲ ਨੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਉਸਾਰਨ ਦੀ ਜ਼ਿੰਮੇਵਾਰੀ ਚੁਕ ਕੇ 1986 ਵਿਚ ਪਹਿਲਾ ਫ਼ੇਜ਼ ਮੁਕੰਮਲ ਕਰ ਦਿਤਾ ।
6. 1986 ਤੋਂ ਗੁਰਦੁਆਰਾ ਸਾਹਿਬ ਹਫ਼ਤੇ ਵਿਚ ਇਕ ਵਾਰ 2-3 ਘੰਟਿਆਂ ਲਈ ਖੁਲ੍ਹਣ ਲਗ ਪਿਆ, ਪਰ ਮਰਿਆਦਾ ਪੱਖੋਂ ਊਣਾ ਰਿਹਾ ।
7. ਸਿੱਖ ਰਹਿਤ ਮਰਿਆਦਾ ਦਾ ਪਾਲਣ ਹੋਣਾ ਤਾਂ ਇਕ ਪਾਸੇ ਰਿਹਾ, ਮਰਿਆਦਾ ਦਾ ਹਰ ਰੋਜ਼ ਮਜ਼ਾਕ ਉਡਾਇਆ ਜਾਂਦਾ ਹੈ ।
8. ਜਦ ਕਦੇ ਵੀ ਕਿਸੇ ਨੇ ਰਹਿਤ ਮਰਿਆਦਾ ਦੇ ਪਾਲਣ ਦੀ ਗਲ ਕੀਤੀ, ਤਾਂ ਉਸਦੀ ਅਵਾਜ਼ ਨੂੰ ਦਬਾਅ ਦਿਤਾ ਗਿਆ । ਪਰ ਪਿਛਲੇ ਕੁਝ ਸਾਲਾਂ ਤੋਂ ਕੁਝ ਗੁਰਸਿੱਖਾਂ ਨੇ ਖ਼ਾਲਸਾ ਸਕੂਲ ਰਾਹੀਂ ਨੌਜੁਆਨ ਪੀੜ੍ਹੀ ਨੂੰ ਸਿੱਖ ਧਰਮ, ਗੁਰਬਾਣੀ ਅਤੇ ਇਤਿਹਾਸ ਪੜ੍ਹਾਉਣ ਦੇ ਉਦਮ ਕੀਤੇ, ਜਿਸਦਾ ਟਰਸਟੀਆਂ ਨੇ ਡੱਟਵਾਂ ਵਿਰੋਧ ਕੀਤਾ । ਇਸ ਵਿਰੋਧ ਦੇ ਬਾਵਜੂਦ ਸਿੱਖ ਨੌਜੁਆਨਾਂ ਨੇ ਹਿੰਮਤ ਨਹੀਂ ਹਾਰੀ ਅਤੇ ਲਗਾਤਾਰ ਯਤਨਸ਼ੀਲ ਰਹੇ ।
9. ਟਰਸਟੀਆਂ ਨੇ, ਜੋ ਸਿੱਖੀ ਸਰੂਪ ਤੋਂ ਵੀ ਕੋਰੇ ਹਨ, ਨੇ ਸੰਗਤ ਵਿਚਲੀ ਏਕਤਾ ਅਤੇ ਸਿੱਖ ਧਰਮ ਪ੍ਰਤੀ ਵਚਨਵਧਤਾ ਨੂੰ ਦੇਖਦਿਆਂ ਹੋਇਆਂ ਉਹ ਕੀਤਾ, ਜਿਸਤੋਂ ਸਾਰਾ ਸਿੱਖ ਜਗਤ ਸ਼ਰਮਿੰਦਾ ਹੈ ।
10. ਇਹ ਗੁਰੂਘਰ ਸੰਗਤ ਦੇ ਪੈਸੇ ਅਤੇ ਸੇਵਾ ਬਦੌਲਤ ਹੋਂਦ ਵਿਚ ਆਇਆ । ਇਸ ਗੁਰੂਘਰ ਨੂੰ ਟਰਸਟੀਆਂ ਨੇ ਦਸੰਬਰ 2009 ਨੂੰ ਗੁਰਦਵਾਰੇ ਦੇ ਸੰਵਿਧਾਨ ਨੂੰ ਨਜ਼ਰ ਅੰਦਾਜ਼ ਕਰਦਿਆਂ ਹੋਇਆਂ ਸੰਗਤ ਨੂੰ ਧੋਖੇ ਵਿੱਚ ਰੱਖ ਕੇ ਗੁਰਦੁਆਰਾ ਸਾਹਿਬ ਨੂੰ ਨੀਊ ਯਾਰਕ ਸਟੇਟ ਦੇ ਧਾਰਮਿਕ ਕਾਰਪੋਰੇਸ਼ਨ ਕਾਨੂੰਨ ਦੇ ਆਰਟੀਕਲ 9 ਹੇਠ ਰਜਿਸਟਰ ਕਰਵਾ ਲਿਆ, ਜੋ ਕਿ ਸਿਰਫ਼ **Free** ਚਰਚਾਂ ਉਤੇ ਲਾਗੂ ਹੁੰਦਾ ਹੈ । ਇਸ ਕਾਨੂੰਨ ਮੁਤਾਬਕ ਸੰਗਤ ਦੀ ਲੋਕਰਾਜੀ ਅਵਾਜ਼ ਬਿਲਕੁਲ ਖਤਮ ਹੋ ਜਾਂਦੀ ਹੈ । ਇਸ ਗੁਰਦਵਾਰਾ ਸਾਹਿਬ ਵਿੱਚ ਕੋਈ ਵੀ ਫੈਸਲਾ ਸੰਗਤ ਨਹੀਂ ਕਰ ਸਕਦੀ । ਸਿੱਖ ਧਰਮ ਮੁਤਾਬਕ ਜੋ ਦਰਜਾ ਗੁਰੂ ਸਾਹਿਬਾਨ ਨੇ ਸੰਗਤ ਨੂੰ ਦਿਤਾ ਹੈ, ਪ੍ਰਬੰਧਕਾਂ ਨੇ ਉਸ ਨੂੰ ਖਤਮ ਕਰ ਦਿਤਾ ਹੈ।

11. ਸੰਗਤ ਵਿਚੋਂ ਟਰਸਟੀਆਂ ਦੀ ਇਸ ਚਾਲ ਦਾ ਡਟਵਾਂ ਵਿਰੋਧ ਕੀਤਾ ਗਿਆ, ਜਿਸਦੇ ਨਤੀਜੇ ਵਜੋਂ ਟਰਸਟੀਆਂ ਨੇ ਕੁਝ ਗੁਰਸਿੱਖ ਪਰਿਵਾਰਾਂ ਉਤੇ ਮੁਕਦਮਾ ਦਾਇਰ ਕਰ ਦਿਤਾ ਕਿ ਉਹ ਟਰਸਟੀਆਂ ਦੀ ਈਨ ਮੰਨ ਲੈਣ ਅਤੇ ਸਿੱਖ ਰਹਿਤ ਮਰਿਆਦਾ ਨੂੰ ਭੁਲ ਜਾਣ ।

12. ਪ੍ਰਬੰਧਕਾਂ ਵਿਚੋਂ ਸੰਤੋਖ ਸਿੰਘ ਬਦੇਸ਼ਾ ਨਾਮ ਦੇ ਇਕ ਮੈਂਬਰ ਨੇ 8 ਜੂਨ 2010 ਨੂੰ ਕੁਝ ਗੁਰਸਿੱਖ ਪਰਿਵਾਰਾਂ ਦੇ ਦਾਖ਼ਲੇ ਅਤੇ ਖ਼ਾਸ ਕਰਕੇ ਅੰਮ੍ਰਿਤਧਾਰੀ ਸਿੱਖ ਦੀ ਗੁਰੂਘਰ ਵਿਚ ਕਿਰਪਾਨ ਪਾ ਕੇ ਜਾਣ ਉਤੇ ਪਾਬੰਦੀ ਲਵਾਉਣ ਲਈ ਅਦਾਲਤ ਵਿਚ ਇਕ ਹਲਫ਼ੀਆ ਬਿਆਨ ਦਿਤਾ ਹੈ, ਜਿਸਨੂੰ ਪੜ੍ਹ ਕੇ ਹਰ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ ਹੈ । ਅਸੀਂ ਤੁਹਾਨੂੰ ਉਸਦੇ ਹਲਫ਼ੀਆ ਬਿਆਨ ਦੀ ਹੂਬਹੂ ਨਕਲ ਵੀ ਇਸ ਨਾਲ ਭੇਜ ਰਹੇ ਹਾਂ ।

13. ਹਲਫ਼ੀਆ ਬਿਆਨ ਦੇ ਤੀਜੇ ਪਹਿਰੇ ਵਿਚ ਉਹ ਸਿੱਖ ਰਹਿਤ ਮਰਿਆਦਾ ਤੋਂ ਇਨਕਾਰੀ ਹੁੰਦਾ ਹੋਇਆ ਲਿਖਦਾ ਹੈ, "**Defendants** ਨੂੰ ਆਪਣੇ ਬਰਾਂਡ ਵਾਲੀ ਸਿੱਖੀ ਮੁਤਾਬਕ ਪਾਠ ਪੂਜਾ ਕਰਨ ਦੀ ਖੁਲ੍ਹ ਹੈ, ਜਿਵੇਂ ਕਿ ਸਾਨੂੰ ਆਪਣੇ ਬਰਾਂਡ ਵਾਲੀ ਸਿਖੀ ਅਪਨਾਉਣ ਦੀ ਖੁਲ੍ਹ ਹੈ ਅਤੇ ਗੁਰਸਿੱਖ ਆਪਣੇ ਬਰਾਂਡ ਵਾਲੀ ਸਿਖੀ ਮੁਤਾਬਕ ਪਾਠ ਪੂਜਾ ਆਦਿ ਆਪਣੇ ਘਰਾਂ ਵਿਚ ਕਰ ਸਕਦੇ ਹਨ ।

14. ਇਸੇਤਰ੍ਹਾਂ ਹਲਫ਼ੀਆ ਬਿਆਨ ਦੇ 36ਵੇਂ ਪਹਿਰੇ ਵਿਚ ਬਦੇਸ਼ਾ ਦਸਮੇਸ਼ ਪਿਤਾ ਵਲੋਂ ਬਖ਼ਸ਼ੇ ਕਕਾਰਾਂ ਨੂੰ ਅਖੌਤੀ ਕਕਾਰ ਕਹਿੰਦਾ ਹੈ । ਉਹ ਕਹਿੰਦਾ ਹੈ ਕਿ ਅੰਮ੍ਰਿਤਧਾਰੀ ਸਿੱਖ, ਗਾਤਰੇ ਵਾਲੀ ਕਿਰਪਾਨ ਪਹਿਨਣ ਦੀ ਬਜਾਏ, ਕਿਰਪਾਨ ਦੇ ਇਮੇਜ ਵਾਲਾ ਕੰਘਾ ਸਿਰ ਵਿਚ ਰੱਖ ਸਕਦੇ ਹਨ ਜਾਂ ਗਲ ਵਿਚ ਤਵੀਤੜੀਆਂ ਪਾ ਸਕਦੇ ਹਨ ।

15. ਪਹਿਰੇ 46ਵੇਂ ਵਿਚ ਬਦੇਸ਼ਾ ਫੇਰ ਲਿਖਦਾ ਹੈ, "ਬਹੁਤੇ ਅੰਮ੍ਰਿਤਧਾਰੀ ਸਿੱਖ ਤਾਂ ਪ੍ਰੈਕਟੀਕਲ ਕਾਰਨਾਂ ਕਰਕੇ ਕਿਰਪਾਨ ਪਹਿਨਦੇ ਹੀ ਨਹੀਂ । ਅੰਮ੍ਰਿਤਧਾਰੀ ਸਿੱਖਾਂ ਲਈ ਕਿਰਪਾਨ ਰਖਣ ਦਾ ਇਕ ਤਰੀਕਾ ਇਹ ਹੈ ਕਿ ਉਹ ਕਿਰਪਾਨ ਨੂੰ ਆਪਣੀ ਪੱਗ ਹੇਠ ਕੰਘੇ ਵਿਚ ਅੜੁੰਗ ਲੈਣ, ਜਿਸ ਕੰਘੇ ਵਿਚ ਨਾਮ ਮਾਤਰ ਦੀ ਇਕ ਕਿਰਪਾਨ ਮੜ੍ਹੀ ਹੁੰਦੀ ਹੈ । ਉਹ ਆਪਣੇ ਬਿਆਨ ਵਿਚ ਇਹ ਵੀ ਕਹਿੰਦਾ ਹੈ ਕਿ ਰਾਚੈਸਟਰ ਦੀ ਸੰਗਤ ਵਿਚ ਅੰਮ੍ਰਿਤਧਾਰੀਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਉਨ੍ਹਾਂ ਵਿਚੋਂ ਵੀ ਬਹੁਤੇ ਕਿਰਪਾਨ ਨਹੀਂ ਪਹਿਨਦੇ"।

16. 50ਵੇਂ ਪਹਿਰੇ ਵਿਚ ਬਦੇਸ਼ਾ ਇਸ ਸਾਲ ਗੁਰਦੁਆਰਾ ਆਫ਼ ਰਾਚੈਸਟਰ ਵਿਚ ਵਿਸਾਖੀ ਦਿਵਸ ਉਤੇ ਅੰਤ੍ਰਰਾਸ਼ਟਰੀ ਪਧੱਰ ਉਤੇ ਮਨਾਏ ਜਾ ਰਹੇ ਦਸਤਾਰ ਦਿਵਸ ਨੂੰ "ਅਖੌਤੀ ਦਸਤਾਰ ਰਸਮ" ਕਹਿੰਦਾ ਹੈ ।

ਸਤਿਕਾਰ ਯੋਗ ਜਥੇਦਾਰ ਸਾਹਿਬ ਜੀ:

- ਇਸੇ ਬਦੇਸ਼ਾ ਨਾਮ ਦੇ ਇਕ ਪ੍ਰਬੰਧਕ ਨੇ ਜੱਜ ਸਾਹਿਬ ਅਗੇ ਪੇਸ਼ ਕੀਤੇ ਆਪਣੇ ਹਲਫ਼ੀਆ ਬਿਆਨ ਰਾਹੀਂ ਅੰਮ੍ਰਿਤਧਾਰੀ ਸਿੱਖਾਂ ਉਤੇ ਗੁਰਦੁਆਰਾ ਸਾਹਿਬ ਵਿਚ ਕਿਰਪਾਨ ਪਹਿਨ ਕੇ ਜਾਣ ਉਤੇ ਪਾਬੰਦੀ ਲਗਵਾ ਦਿਤੀ ਹੈ। ਹੁਣ ਕੋਈ ਵੀ ਅੰਮ੍ਰਿਤਧਾਰੀ ਸਿੱਖ ਇਸ ਗੁਰੂਘਰ ਵਿਚ ਕਿਰਪਾਨ ਪਹਿਨ ਕੇ ਨਹੀਂ ਜਾ ਸਕਦਾ ।
- ਬਦੇਸ਼ਾ, ਜੋ ਗ਼ੈਰ ਕੇਸਾਧਾਰੀ ਸਿੱਖ ਹੈ, ਆਪਣੇ ਆਪ ਨੂੰ ਇਕ ਈ ਮੇਲ ਰਾਹੀਂ "ਅੰਮ੍ਰਿਤਧਾਰੀ ਸਿੱਖ" ਦਸ ਕੇ ਅੰਮ੍ਰਿਤਧਾਰੀਆਂ ਦੀ ਤੌਹੀਨ ਕਰ ਰਿਹਾ ਹੈ ਅਤੇ ਅੰਮ੍ਰਿਤਧਾਰੀ ਸਿੱਖ ਦੀ ਇਕ ਨਵੀਂ ਪ੍ਰੀਭਾਸ਼ਾ ਦ ਸਕੇ ਭੁਲੇਖੇ ਪਾ ਰਿਹਾ ਹੈ । ਉਸਦੀ ਈਮੇਲ ਦਾ ਉਤਾਰਾ ਨਾਲ ਨੱਥੀ ਹੈ ।
- ਇਸੇ ਬਦੇਸ਼ਾ ਨੇ ਇਕ ਹੋਰ ਵੱਖਰੀ ਈ ਮੇਲ ਰਾਹੀਂ ਇਕ ਗੁਰਸਿੱਖ ਡਾਕਟਰ ਨੂੰ ਇਹ ਲਿਖਿਆ, "**Very Little Under the Turban Stand**" ਭਾਵ ਕਿ ਦਸਤਾਰ ਦੇ ਹੇਠ ਦਿਮਾਗ਼ ਬਹੁਤ ਥੋੜਾ ਹੈ । ਉਸਨੇ ਐਸਾ ਕਹਿ ਕੇ ਸਾਰੇ ਦਸਤਾਰਧਾਰੀ ਸਿੱਖਾਂ ਦਾ ਅਪਮਾਨ ਕੀਤਾ ਹੈ । ਇਸ ਈਮੇਲ ਦਾ ਉਤਾਰਾ ਵੀ ਨਾਲ ਨੱਥੀ ਹੈ।
- ਇਕ ਵਾਰ ਆਪਣੇ ਘਰ ਵਿਚ ਕੀਤੀ ਪਾਰਟੀ ਦੌਰਾਨ ਸ਼ਰਾਬ ਦੇ ਨਸ਼ੇ ਵਿਚ ਬਦੇਸ਼ਾ ਨੇ ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਦੇ ਉਚੇ ਇਖ਼ਲਾਕ ਉਤੇ ਨਾ ਬਿਆਨ ਕਰ ਸਕਣ ਵਾਲੇ ਅਪਸ਼ਬਦ ਕਹੇ ।

Sikh Sangat, Gurdwara of Rochester

ਸਤਿਕਾਰਯੋਗ ਜਥੇਦਾਰ ਸਾਹਿਬ ਜੀ

ਤੁਹਾਨੂੰ ਸਨਿੰਮ੍ਰ ਬੇਨਤੀ ਕੀਤੀ ਜਾਂਦੀ ਹੈ ਕਿ ਸੰਤੋਖ ਸਿੰਘ ਬਦੇਸ਼ਾ ਦੇ ਵਿਰੁਧ ਤੁਰਤ ਸਖ਼ਤ ਤੋਂ ਸਖ਼ਤ ਕਾਰਰਵਾਈ ਕੀਤੀ ਜਾਵੇ, ਤਾਂ ਜੋ ਇਸ ਕਿਸਮ ਦੇ ਹੋਰ ਲੋਕ ਪੰਥ ਵਿਰੋਧੀ ਚਾਲਾਂ ਨਾ ਚਲ ਸਕਣ ।

ਅਸੀਂ ਪੂਰਨ ਆਸ ਕਰਦੇ ਹਾਂ ਕਿ ਆਪ ਬਦੇਸ਼ਾ ਵਲੋਂ ਕੀਤੀਆਂ ਜਾ ਰਹੀਆਂ ਪੰਥ ਵਿਰੋਧੀ ਸਰਗਰਮੀਆਂ ਨੂੰ ਰੋਕਣ ਲਈ ਤੁਰਤ ਕਾਰਰਵਾਈ ਕਰੋਗੇ । ਤੁਹਾਡੇ ਵਲੋਂ ਕੀਤੇ ਗਏ ਉਦਮ ਸਦਕਾ ਹੀ ਗੁਰਦੁਆਰਾ ਆਫ਼ ਰਾਚੈਸਟਰ ਵਿਚ ਸੁਧਾਰ ਹੋ ਸਕਦਾ ਹੈ ।

ਜੇ ਇਸ ਬਾਰੇ ਕੋਈ ਸਪਸ਼ਟੀਕਰਨ ਚਾਹੀਦਾ ਹੋਵੇ ਤਾਂ ਆਪ ਸਾਨੂੰ ਈਮੇਲ ਜਾਂ ਟੈਲੀਫੋਨ ਰਾਹੀਂ ਸੰਪਰਕ ਕਰ ਸਕਦੇ ਹੋ ।

ਗੁਰੂਘਰ ਦੀ ਸੇਵਕ ਸਿੱਖ ਸੰਗਤ

rochestersikhvoice@gmail.com
Tel: 585-869-6842 or 585-350-5358

ਨੱਥੀ

(1) ਸੌਰੇਖ ਕਰੇਜ਼ਾਂ ਦ ਅਖ਼ਬਾਰ ਕਿਆਰ
(2) ਇਕ ਦੇ ਮਾਪਦੇ ਮਾਪ ਨੂੰ ਮਾਨੂਤਾਨੀ ਰਾਹਿ ਦਾਰੀ e-mail.
(3) ਦਸਤਾਵੇਜ਼ੀ ਲਿਖਾ ਨੂੰ ਖਰੱਤ ਚੋਰ ਹੈਯ ਲਿਖਾਰ ਰਾਹਿ ਦਾਰੀ e-mail
(4) ਇਕ ਦੇ ਤਸਦੀਕ
(5) ਇਸ ਦੀ ਮੰਗ ਤੇ ਜੱਜ ਦ ਹੈਸ਼ਰਾਂ